**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/67072
ਮਿਤੀ ਚੰਡੀਗੜ੍ਹ 28.10.2010

**ਵਿਸ਼ਾ: 15 ਅਗਸਤ 2010 ਨੂੰ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ ਭਾਸ਼ਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 15 ਅਗਸਤ 2010 ਨੂੰ ਮਾਣਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਆਪਣੇ ਭਾਸ਼ਣ ਵਿੱਚ ਇਹ ਐਲਾਨ ਕੀਤਾ ਗਿਆ ਹੈ ਕਿ ਬੱਚਿਆਂ ਨੂੰ ਸਕੂਲ ਵਿੱਚ ਆਪਣਾ ਆਲ਼ਾ-ਦੁਆਲ਼ਾ ਸਾਫ ਰੱਖਣ ਦੀ ਮਹੱਤਤਾ ਬਾਰੇ ਸ਼ੁਰੂ ਤੋਂ ਹੀ ਜਾਣਕਾਰੀ ਦਿੱਤੀ ਜਾਵੇ। ਇਸ ਸਬੰਧ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਜੋ ਭਾਸ਼ਣ ਵਿੱਚ ਕਿਹਾ ਉਸ ਦਾ ਹੂ-ਬ-ਹੂ ਉਤਾਰਾ ਹੇਠ ਲਿਖੇ ਅਨੁਸਾਰ ਹੈ:-

**"I consider it a primary responsibility of all our citizens to maintain cleanliness and hygiene around them. I would like our children to be taught the importance of cleanliness and hygiene in schools from the very beginning under a campaign for a Clean India".**

**-Dr. Manmohan Singh**
**Hon'ble Prime Minister, India**

ਉਪਰੋਕਤ ਦਾ ਪੰਜਾਬੀ ਵਿੱਚ ਅਨੁਵਾਦ ਹੇਠ ਲਿਖੇ ਅਨੁਸਾਰ ਹੈ:-

**"ਮੈਂ ਇਹ ਮੰਨਦਾ ਹਾਂ ਕਿ ਸਾਰੇ ਨਾਗਰਿਕਾਂ ਦੀ ਇਹ ਪ੍ਰਮੁੱਖ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਆਲ਼ੇ-ਦੁਆਲ਼ੇ ਸਾਫ਼ ਸਫ਼ਾਈ ਅਤੇ ਸਵੱਛਤਾ ਰੱਖਣ।ਮੈਂ ਚਾਹੁੰਦਾ ਹਾਂ ਕਿ 'ਸੱਵਛ ਭਾਰਤ' ਲਈ ਇੱਕ ਵਿਸ਼ੇਸ਼ ਮੁਹਿੰਮ ਦੇ ਤਹਿਤ ਸਕੂਲਾਂ ਵਿੱਚ ਸ਼ੁਰੂ ਤੋਂ ਹੀ ਸਮੂਹ ਬੱਚਿਆਂ ਨੂੰ ਸਾਫ਼ ਸਫ਼ਾਈ ਅਤੇ ਸਵੱਛਤਾ ਦੀ ਮਹੱਤਤਾ ਬਾਰੇ ਸਿੱਖਿਆ ਦਿੱਤੀ ਜਾਵੇ।"**

**-ਡਾ. ਮਨਮੋਹਨ ਸਿੰਘ**
**ਮਾਣਯੋਗ ਪ੍ਰਧਾਨ ਮੰਤਰੀ, ਭਾਰਤ**

3.0 ਉਪਰੋਕਤ ਵਿਚਾਰਾਂ ਨੂੰ ਸਕੂਲਾਂ ਵਿੱਚ ਅਜਿਹੀ ਸਾਂਝੀ ਥਾਂ ਤੇ ਸਾਫ਼ ਅਤੇ ਮੋਟੇ ਅੱਖਰਾਂ 'ਚ ਲਿਖਿਆ ਜਾਵੇ ਜਿੱਥੇ ਸਾਰੇ ਬੱਚੇ ਇਸ ਨੂੰ ਅਸਾਨੀ ਨਾਲ ਪੜ੍ਹ ਸਕਣ। ਅਤੇ ਇਹਨਾਂ ਵਿਚਾਰਾਂ ਦੀ ਅਹਿਮੀਅਤ ਬਾਰੇ ਵੀ ਬੱਚਿਆਂ ਨਾਲ ਗੱਲ-ਬਾਤ ਸਾਂਝੀ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 67073 ਮਿਤੀ 28.10.2010

ਉਤਾਰਾ:(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪੰਜਾਬ।
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**